# 2022-23 ਸੀਜ਼ਨ ਲਈ ਗੰਨੇ ਦੀ ਐਫ਼ ਆਰ ਪੀ ਵਧਾ ਕੇ 305 ਰੁਪਏ ਪ੍ਰਤੀ ਕੁਇੰਟਲ ਕੀਤਾ ਗਿਆ

ਭਾਰਤ ਵਿੱਚ ਖੰਡ ਸੀਜ਼ਨ 2022-23 (ਅਕਤੂਬਰ-ਸਤੰਬਰ) ਲਈ ਗੰਨੇ ਲਈ ਦਾ ਢੁੱਕਵਾਂ ਅਤੇ ਲਾਹੇਵੰਦ ਮੁੱਲ (ਐਫ. ਆਰ ਪੀ) 2021-22 ਦੇ ਸੀਜ਼ਨ ਤੋਂ 15 ਰੁਪਏ ਪ੍ਰਤੀ ਕੁਇੰਟਲ ਵਧਾ ਕੇ 305 ਰੁਪਏ ਪ੍ਰਤੀ ਕੁਇੰਟਲ ਕਰ ਦਿੱਤਾ ਗਿਆ ਹੈ। ਭਾਰਤ ਸਰਕਾਰ ਦੀ ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ (ਸੀ ਸੀ ਈ ਏ) ਨੇ 3 ਅਗਸਤ, 2022 ਨੂੰ 2022-23 ਦੇ ਖੰਡ ਸੀਜ਼ਨ ਲਈ ਗੰਨੇ ਦੇ ਐਫ਼ ਆਰ ਪੀ ਨੂੰ ਮੰਜ਼ੂਰੀ ਦਿੱਤੀ ਸੀ।

ਖੰਡ ਸੀਜ਼ਨ 2022-23 ਲਈ ਐਫ ਆਰ ਪੀ ਮੌਜੂਦਾ ਖੰਡ ਸੀਜ਼ਨ 2021-22 ਨਾਲੋਂ 5.17% ਵੱਧ ਹੈ। 2021-22 ਸੀਜ਼ਨ ਲਈ ਐਫ ਆਰ ਪੀ 290 ਰੁਪਏ ਪ੍ਰਤੀ ਕੁਇੰਟਲ ਹੈ। ਮੰਜ਼ੂਰ ਐਫ ਆਰ ਪੀ, ਚੀਨੀ ਮਿੱਲਾਂ ਵਲੋਂ ਖੰਡ ਸੀਜ਼ਨ 2022-23 (1 ਅਕਤੂਬਰ, 2022 ਤੋਂ ਸ਼ੁਰੂ) ਵਿੱਚ ਕਿਸਾਨਾਂ ਤੋਂ ਗੰਨੇ ਦੀ ਖਰੀਦ ਲਈ ਲਾਗੂ ਹੋਵੇਗਾ।

ਐਫ਼ ਆਰ ਪੀ 100 ਕਿੱਲੋ ਗੰਨੇ ਤੋਂ 10.25% ਦੀ ਮੂਲ ਵਸੂਲੀ ਦਰ ਦੇ ਲਈ ਹੈ। ਵਸੂਲੀ ਵਿਚ ਹਰ 0.1% ਵਾਧੇ ਲਈ, ਐਫ਼ ਆਰ ਪੀ ਉੱਤੇ 3.05 ਰੁਪਏ ਪ੍ਰਤੀ ਕੁਇੰਟਲ ਦਾ ਪ੍ਰੀਮਿਅਮ ਅਤੇ ਵਸੂਲੀ ਵਿੱਚ ਹਰ 0.1% ਗਿਰਾਵਟ ਲਈ 3.04 ਰੁਪਏ ਪ੍ਰਤੀ ਕੁਇੰਟਲ ਦੀ ਕਟੌਤੀ ਹੋਵੇਗੀ।

ਕਿਸਾਨਾਂ ਦੇ ਹੱਕਾਂ ਦੀ ਰਾਖੀ ਲਈ, ਸੀ ਸੀ ਈ ਏ ਨੇ ਇਹ ਫ਼ੈਸਲਾ ਵੀ ਲਿਆ ਕਿ ਚੀਨੀ ਮਿੱਲਾਂ ਦੇ ਮਾਮਲੇ ਵਿੱਚ ਕੋਈ ਕਟੌਤੀ ਨਹੀਂ ਹੋਵੇਗੀ ਜਿੱਥੇ ਵਸੂਲੀ 9.5%ਤੋਂ ਘੱਟ ਹੈ। ਅਜਿਹੇ ਕਿਸਾਨਾਂ ਨੂੰ ਆਉਣ ਵਾਲੇ ਖੰਡ ਸੀਜ਼ਨ 2022-23 ਤੋਂ ਗੰਨੇ ਦੀ ਲਈ 281.125 ਰੁਪਏ ਪ੍ਰਤੀ ਕੁਇੰਟਲ ਮਿਲੇਗਾ, ਜਿਹੜਾ ਕਿ 2021-22 ਸੀਜ਼ਨ ਵਿੱਚ 275.50 ਰੁਪਏ ਪ੍ਰਤੀ ਕੁਇੰਟਲ ਸੀ।

ਐਫ਼ ਆਰ ਪੀ ਨੂੰ ਖੇਤੀਬਾੜੀ ਲਾਗਤ ਅਤੇ ਮੁੱਲ ਕਮਿਸ਼ਨ (ਸੀ ਏ ਸੀ ਪੀ) ਦੀਆਂ ਸਿਫ਼ਾਰਿਸ਼ਾਂ ਤੋਂ ਬਾਅਦ, ਰਾਜ ਸਰਕਾਰਾਂ ਅਤੇ ਹੋਰ ਹਿੱਸੇਦਾਰਾਂ ਨਾਲ ਸਲਾਹ ਕਰਕੇ ਨਿਰਧਾਰਤ ਕੀਤਾ ਜਾਂਦਾ ਹੈ।

ਜਿੱਥੇ ਭਾਰਤ ਸਰਕਾਰ ਕਿਸਾਨਾਂ ਨੂੰ ਚੀਨੀ ਮਿੱਲਾਂ ਵੱਲੋਂ ਭੁਗਤਾਨ ਕੀਤੇ ਜਾਣ ਵਾਲੇ ਐਫ਼ ਆਰ ਪੀ ਦਾ ਐਲਾਨ ਕਰਦੀ ਹੈ, ਉੱਥੇ ਹੀ ਦੇਸ਼ ਦੇ ਕਈ ਸੂਬਿਆਂ ਵਿੱਚ ਗੰਨਾ ਉਤਪਾਦਕਾਂ ਨੂੰ ਭੁਗਤਾਨ ਕਰਨ ਵਾਲੀਆਂ ਦਰਾਂ ਨੂੰ ਮੁਕਰੱਰ ਕਰਨ ਦੀ ਆਪਣੀ ਵਿਧੀ ਹੈ। ਇਸ ਨੂੰ ਰਾਜ ਦਾ ਸਿਫ਼ਾਰਿਸ਼ੀ ਮੁੱਲ (ਐਸ ਏ ਪੀ) ਕਹਿੰਦੇ ਹਨ।

ਫਿਲਹਾਲ, ਉੱਤਰ ਪ੍ਰਦੇਸ਼, ਉੱਤਰਾਖੰਡ, ਹਰਿਆਣਾ ਅਤੇ ਪੰਜਾਬ ਗੰਨੇ ਲਈ ਐਸ ਏ ਪੀ ਤੈਅ ਕਰਦੇ ਹਨ, ਜਿਸਦਾ ਭੁਗਤਾਨ ਇਨ੍ਹਾਂ ਰਾਜਾਂ ਵਿੱਚ ਚੀਨੀ ਮਿੱਲਾਂ ਵੱਲੋਂ ਕਿਸਾਨਾਂ ਨੂੰ ਕੀਤਾ ਜਾਂਦਾ ਹੈ। ਐਸ ਏ ਪੀ, ਐਫ਼ ਆਰ ਪੀ ਨਾਲੋਂ ਵੱਧ ਹੈ। ਆਪਣੀ 'ਗੰਨੇ ਦੀ ਕੀਮਤ ਨੀਤੀ: 2022-23 ਖੰਡ ਸੀਜ਼ਨ' ਵਿੱਚ ਸੀ ਏ ਸੀ ਪੀ ਨੇ ਆਪਣੀ ਸਿਫ਼ਾਰਿਸ਼ ਦੁਹਰਾਈ ਹੈ ਕਿ ਰਾਜਾਂ ਨੂੰ ਐਸ ਏ ਪੀ ਤੈਅ ਕਰਨਾ ਬੰਦ ਕਰ ਦੇਣਾ ਚਾਹੀਦਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਜੇ ਰਾਜ ਐਸ ਏ ਪੀ ਨੂੰ ਜਾਰੀ ਰੱਖਣਾ ਚਾਹੁੰਦੇ ਹਨ, ਤਾਂ ਉਨ੍ਹਾਂ ਨੂੰ ਸਿੱਧਾ ਲਾਭ ਤਬਾਦਲਾ (ਡੀ ਬੀ ਟੀ) ਰਾਹੀਂ ਐਫ ਆਰ ਪੀ ਅਤੇ ਐਸ ਏ ਪੀ ਦਾ ਅੰਤਰ ਗੰਨਾ ਕਿਸਾਨਾਂ ਨੂੰ ਦੇਣਾ ਚਾਹੀਦਾ ਹੈ।

**5 ਸਾਲਾਂ ਵਿੱਚ ਗੰਨੇ ਦਾ ਐਫ਼ ਆਰ ਪੀ ਅਤੇ ਸੂਬਿਆਂ ਦਾ ਐਸ ਏ ਪੀ (2017-18 ਤੋਂ 2021-22)**

| **ਸਾਲ** | **ਕੁੱਲ ਭਾਰਤ ਐਫ਼ ਆਰ ਪੀ (ਰੁਪਏ/ਕੁਇੰਟਲ)** | **ਐਸ ਏ ਪੀ (ਰੁਪਏ/ਕੁਇੰਟਲ)** | | | | | | | | | | | |
|---|---|---|---|---|---|---|---|---|---|---|---|---|---|
| | | **ਉੱਤਰ ਪ੍ਰਦੇਸ਼** | | | **ਉੱਤਰਾਖੰਡ** | | | **ਹਰਿਆਣਾ** | | | **ਪੰਜਾਬ** | | |
| | | ਅਗੇਤੀ ਕਿਸਮ | ਮੱਧ ਕਿਸਮ | ਪਿਛੇਤੀ ਕਿਸਮ | ਅਗੇਤੀ ਕਿਸਮ | ਮੱਧ ਕਿਸਮ | ਪਿਛੇਤੀ ਕਿਸਮ | ਅਗੇਤੀ ਕਿਸਮ | ਮੱਧ ਕਿਸਮ | ਪਿਛੇਤੀ ਕਿਸਮ | ਅਗੇਤੀ ਕਿਸਮ | ਮੱਧ ਕਿਸਮ | ਪਿਛੇਤੀ ਕਿਸਮ |
| 2017-18 | 255 | 325 | 315 | 310 | 326 | 316 | 295 | 330 | 325 | 320 | 310 | 300 | 295 |
| 2018-19 | 275 | 325 | 315 | 310 | 327 | 317 | 310 | 340 | 335 | 335 | 310 | 300 | 295 |
| 2019-20 | 275 | 325 | 315 | 310 | 327 | 317 | 295 | 340 | 335 | 335 | 310 | 300 | 295 |
| 2020-21 | 285 | 325 | 315 | 310 | 327 | 317 | 310 | 350 | 345 | 345 | 310 | 300 | 295 |
| 2021-22 | 290 | 350 | 340 | 335 | - | - | 295 | 362 | 355 | 355 | 360 | 350 | 345 |